# ਸ: ਹਰੀ ਸਿੰਘ ਨਲੂਆ

G.779

ਸ੍ਰੇਣ ਲੜੀ ਨੰ: ੧੯

ਮੁੱਲ ੦-੬-੦

ਪ੍ਰਕਾਸ਼ਕ
ਭਾ: ਹਰਨਾਮਸਿੰਘ ਜੁਗਿੰਦਰਸਿੰਘ ਪੁਸਤਕਾਂ ਵਾਲੇ
ਮਾਲਕ ਅੰਮ੍ਰਿਤ ਏਜੰਸੀ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਸੋ: ਹ:
੭੭੪੮੦
26191

ਖੇਡ

# ਕਰਮਾਂ ਦੀ ਖੇਡ

ਕਰਤਾਰ ਸਿੰਘ, ਐਮ. ਏ.

ਮ. ਏ.

ਇਨਸਾਨੀ ਜੀਵਨ ਸਵਾਦਲਾ, ਚਾਵਾਂ ਮਲਾਰਾਂ ਵਾਲਾ, ਪਿਆਰ ਭਰਿਆ, ਤਰਸ ਯੋਗ ਅਤੇ ਦੁਖ ਭਰਿਆ ਸਮਝਿਆ ਜਾਂਦਾ ਹੈ। ਇਹ ਨਾਵਲ ਇਹ ਸਾਰੀਆਂ ਮੰਜ਼ਲਾਂ ਦਰਸਾਉਂਦਾ ਹੈ। ਕਹਾਣੀ ਅਤਯੰਤ ਸੁਧਾਰਕ, ਅਤੇ ਸਿਖਿਆ ਦਾਇਕ ਹੈ।

ਭਾਈ ਜੈਦੇਵ ਸਿੰਘ ਜੁਗਿੰਦਰ ਸਿੰਘ ਕਿਤਾਬਾਂ ਵਾਲੇ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

/-

16:6
C 7968
16175

ਜੀਵਨ ਬਿਰਤਾਂਤ

# ਸ: ਹਰੀ ਸਿੰਘ ਨਲੂਆ

DYAL SINGH LIBRARY LAHORE

ਪ੍ਰਕਾਸ਼ਕ
ਹਰਨਾਮ ਸਿੰਘ ਜੁਗਿੰਦਰ ਸਿੰਘ ਪੁਸਤਕਾਂ ਵਾਲੇ
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

# ਦੋ ਅਖਰ

ਮਕਾਨ ਪਕੀਆਂ ਨੀਹਾਂ ਦੇ ਆਸਰੇ ਕਾਇਮ ਰਹਿੰਦਾ ਹੈ, ਬੂਟੇ ਦਾ ਆਸਰਾ ਜੜ੍ਹਾਂ ਹਨ ਤੇ ਜੜ੍ਹਾਂ ਦਾ ਆਸਰਾ ਪਾਣੀ, ਕਿਸੇ ਕੌਮ ਦਾ ਆਸਰਾ ਉਸ ਦੇ ਸ਼ਹੀਦ ਸੂਰਮੇ ਤੇ ਸੁਚੱਜੇ ਆਗੂ ਹੁੰਦੇ ਹਨ, ਵਰਤਮਾਨ ਵਿਚ ਆਗੂ ਰਾਹ ਦਸਦੇ ਨੇ, ਸ਼ਹੀਦਾਂ ਤੇ ਸੂਰਮਿਆਂ ਦੇ ਜੀਵਨ ਰਾਹ ਦਾ ਚਾਨਣ ਹੁੰਦੇ ਨੇ। ਇਹ ਗਲ ਪੱਥਰ ਤੇ ਲੀਕ ਸਮਝੋ ਕਿ ਜਿਸ ਕੌਮ ਪਾਸ ਜਿਤਨੇ ਸ਼ਹੀਦ, ਸੂਰਮੇ ਤੇ ਕੁਰਬਾਨੀ ਦੇ ਪੁਤਲੇ ਵਧੇਰੇ ਹੋਣਗੇ, ਉਹ ਕੌਮ ਉਤਨੀ ਹੀ ਵਧੇਰੇ ਸ਼ਾਨਦਾਰ ਹੋਵੇਗੀ। ਸ਼ਾਨਦਾਰ ਇਤਿਹਾਸ ਕੌਮ ਦਾ ਕੀਮਤੀ ਸਰਮਾਇਆ ਹੈ।

ਸਿਖ ਕੌਮ ਇਸ ਲਿਹਾਜ਼ ਨਾਲ "ਸ਼ਾਹ ਕੌਮ" ਹੈ ਇਸ ਪਾਸ ਹੋਰਨਾਂ ਨਾਲੋਂ ਵਧ ਸ਼ਹੀਦ ਹਨ। ਵਧੇਰੇ ਸੂਰਮਿਆਂ ਦੀ ਪੂੰਜੀ ਹੈ। ਇਸ ਦੇ ਗੁਰੂਆਂ ਦੇ ਇਤਿਹਾਸ ਨੂੰ ਸਿਰੋਮਣੀ ਦਰਜਾ ਦੇਣਾ ਕੋਈ ਅਛੁੱਕਵੀਂ ਗਲ ਨਹੀਂ। ਰੂਹਾਨੀ ਬਾਣੀ ਦੇ ਭੰਡਾਰ ਦੀ ਇਹ ਮਾਲਕ; ਪਰ ਸਭ ਕੁਝ ਹੁੰਦਿਆਂ ਹੋਇਆਂ ਵੀ ਜੇ ਕੋਈ ਇਸ ਨੂੰ ਘਾਟਾ ਰਿਹਾ ਹੈ ਤਾਂ ਇਹ ਕਿ ਇਹ ਆਪਣੇ ਇਤਿਹਾਸ ਨੂੰ ਸੰਭਾਲ ਨਹੀਂ ਸਕੀ, ਸੰਵਾਰ ਕੇ ਲਿਖ ਨਹੀਂ ਸਕੀ। ਕੁਝ ਤਾਂ ਇਸ ਨੂੰ ਜੰਗੀ ਰੁਝੇਵੇਂ ਪਏ ਰਹੇ ਤੇ ਕੁਝ ਇਸ ਪਾਸੇ ਵਲੋਂ ਇਹ ਆਪ ਵੀ ਬੇ ਪਰਵਾਹ ਸਾਬਤ ਹੋਈ।

ਲੋਕਾਂ ਨੇ ਇਸ ਦੇ ਇਤਿਹਾਸ ਨੂੰ ਪੂਰਨ ਤਾਂ ਕੀਤਾ ਪਰ ਆਪਣੇ ਰੰਗ ਵਿਚ ਤੇ ਆਪਣੀ ਮਰਜ਼ੀ ਨਾਲ। ਕਈ



ਗਲਾਂ ਐਸੀਆਂ ਵੀ ਸਿਖਾਂ ਦੇ ਨਾਮ ਨਾਲ ਟਾਂਕ ਦਿਤੀਆਂ, ਜਿਨ੍ਹਾਂ ਦਾ ਸਬੰਧ ਕਿਸੇ ਤਰ੍ਹਾਂ ਵੀ ਨਾ ਸਿੱਖ ਪਸੰਦ ਕਰਦੇ ਹਨ ਤੇ ਨਾ ਚਾਹੁੰਦੇ ਹਨ। ਮਿਸਾਲ ਦੇ ਤੌਰ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਸਮੇਂ 'ਟੋਪੀ ਵਾਲੇ ਸਿਖ' ਦੇ ਆਉਣ ਦਾ ਜ਼ਿਕਰ। "ਸਿਖ ਸਤਗੁਰੂਆਂ ਦਾ ਹਿੰਦੂ ਹੋਣਾ" ਤੇ ਪੰਚਮ ਸਤਗੁਰ ਜੀ ਦਾ ਗਊ ਦੀ ਖਲ ਵਿਚ ਮੜ੍ਹ ਜਾਣ ਦੇ ਡਰ ਤੋਂ ਰਾਵੀ ਵਿਚ ਸ਼ਨਾਨ ਕਰਦੇ ਹੋਏ ਪਰਲੋਕ ਗਮਨ, ਐਸੀਆਂ ਗਲਾਂ ਹਨ, ਜਿਨ੍ਹਾਂ ਨੂੰ ਪਰਖ ਘਸਵਟੀ ਤੇ ਲਾਇਆਂ ਕੋਈ ਓਹਲਾ ਨਹੀਂ ਰਹਿੰਦਾ, ਸੋਨੇ ਤੇ ਪਿੱਤਲ ਦੀ ਪਰਖ ਝਟ ਹੋ ਜਾਂਦੀ ਹੈ।

ਜਿਸ ਸੂਰਮੇ ਨਿਰਭੈ ਜੋਧੇ ਤੇ ਅਦੁੱਤੀ ਜਰਨੈਲ ਦਾ ਸੰਖੇਪ ਜੀਵਨ ਅਜ ਅਸੀ ਪਾਠਕਾਂ ਦੀ ਭੇਟ ਕਰਨਾ ਚਾਹੁੰਦੇ ਹਾਂ, ਉਹ ਹੈ ਸ: ਹਰੀ ਸਿੰਘ ਨਲੂਆ।

ਸਿਖ ਰਾਜ ਦੇ ਥੰਮ੍ਹ ਤੇ ਬਹਾਦਰ ਜਨਰੈਲ ਸ: ਹਰੀ ਸਿੰਘ ਸਾਹਿਬ ਨਲੂਏ ਦਾ ਖੋਜ ਭਰਿਆ ਜੀਵਨ ਬਾਬਾ ਪ੍ਰੇਮ ਸਿੰਘ ਜੀ ਹੋਤੀ ਵਾਲਿਆਂ ਲਿਖ ਕੇ ਸਾਰੀ ਗਲ ਚਾਨਣੇ ਵਿਚ ਲੈ ਆਂਦੀ ਹੈ।

ਇਹ ਸੰਖੇਪ ਜੀਵਨ ਲਿਖਣ ਦਾ ਸਾਡਾ ਮੁਦਾਅ ਕੇਵਲ ਇਹ ਹੈ ਕਿ ਇਸ ਅਦੁੱਤੀ ਜਰਨੈਲ ਦਾ ਜੀਵਨ ਪੜ੍ਹ ਕੇ ਅਕਾਲੀ ਪੰਥ ਦੇ ਸਪੂਤਾਂ ਵਿਚ ਮੁੜ ਉਤਸ਼ਾਹ ਪੈਦਾ ਹੋਵੇ, ਦੇਸ਼ ਅਤੇ ਪੰਥ ਲਈ ਕੁਰਬਾਨੀ ਦੀ ਰੌ ਚਲੇ।

ਸਮਾਂ ਬੜਾ ਬਿਖੜ ਆ ਰਿਹਾ ਹੈ। ਨਵਾਂ ਸੂਰਜ ਨਵੇਂ ਸੁਨੇਹੇ ਲੈ ਕੇ ਆਉਂਦਾ ਹੈ, ਅਜ ਦਾ ਰੰਗ ਵੇਖ ਕੇ ਨਹੀਂ ਕਿਹਾ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.